AQA

# A-level
# PANJABI

## Paper 3 Listening Test Transcript

Tuesday 23 June 2020 Morning Time allowed: 2 hours 30 minutes

**NOT TO BE OPENED UNTIL AFTER THE EXAMINATION**

Enclosed is a copy of the transcript of the text of the Listening Test. This packet must not be opened until after the examination.

After the examination, the transcript should be kept for future use by teachers.

## Section A

## Listening

*(2 minutes and 08 seconds: tracks 02–13)*

**Question 01**

ਦੀਵਾਲੀ

ਔਨਲਾਈਨ ਰਿਕਾਰਡਿੰਗ ਤੇ ਇੱਕ ਤਿਉਹਾਰ ਬਾਰੇ ਰਿਪੋਰਟ ਦਾ ਹਿੱਸਾ ਸੁਣੋ।

ਪੁਰਾਣੇ ਸਮਿਆਂ ਵਿੱਚ ਦੀਵਾਲੀ ਦਾ ਚੋਖਾ ਚਾਅ ਹੁੰਦਾ ਸੀ, ਲੋਕ ਦੀਵਾਲੀ ਦੀਆਂ ਤਿਆਰੀਆਂ ਦੋ ਹਫਤੇ ਅਗਾਊਂ ਹੀ ਸ਼ੁਰੂ ਕਰ ਦਿੰਦੇ ਸਨ। ਪਰ ਹੁਣ ਦੀਵਾਲੀ ਤੇ ਲੋਕਾਂ ਨੂੰ ਹਿਦਾਇਤ ਕੀਤੀ ਜਾਂਦੀ ਹੈ ਕਿ ਉਹ ਇੱਕ ਖਾਸ ਕਿਸਮ ਦੇ ਪਟਾਕੇ ਚਲਾਉਣ ਤੇ ਉਹ ਵੀ ਨਿਸ਼ਚਿਤ ਸਮੇਂ ਤੋਂ ਪਹਿਲਾਂ। ਦੀਵਾਲੀ ਲਈ ਸਾਮਾਨ ਕਰਿਆਨੇ ਦੀ ਦੁਕਾਨ ਤੋਂ ਲਿਆ ਜਾਂਦਾ ਸੀ। ਹੁਣ ਇਹ ਸਭ ਕੁਝ ਵਿਸ਼ਾਲ ਬਜ਼ਾਰਾਂ ਵਿੱਚ ਉਪਲਬਧ ਹੈ। ਦੀਵਾਲੀ ਤੋਂ ਦੋ-ਤਿੰਨ ਦਿਨ ਪਹਿਲਾਂ ਮਾਂ ਘਰ ਦੀ ਰਸੋਈ ਵਿੱਚ ਮਠਿਆਈ ਬਣਾਉਂਦੀ ਸੀ, ਹੁਣ ਜਿਹੜੀ ਮਠਿਆਈ ਪਲਾਸਟਿਕ ਦੇ ਪੈਕਟ ਵਿੱਚ ਕਿਸੇ ਵੀ ਸੁਪਰ-ਮਾਰਕੀਟ ਵਿੱਚੋਂ ਚੁੱਕੀ ਜਾ ਸਕਦੀ ਹੈ। ਇਹ ਵੱਖਰੀ ਗੱਲ ਹੈ ਕਿ ਇਸ ਮਠਿਆਈ ਦਾ ਸੁਆਦ ਮਾਂ ਦੇ ਹੱਥਾਂ ਦੀ ਬਣੀ ਮਠਿਆਈ ਵਰਗਾ ਨਹੀਂ ਹੁੰਦਾ।

ਹੁਣ ਤਾਂ ਡਿਜ਼ਾਈਨਰ ਕੱਪੜਿਆਂ ਨਾਲ ਮਾਰਕੀਟਾਂ ਭਰੀਆਂ ਪਈਆਂ ਹਨ ਅਤੇ ਕਈ ਤਰ੍ਹਾਂ ਦੇ ਪਾਉਣ ਵਾਲੇ ਕੱਪੜੇ ਸੜਕਾਂ ਦੇ ਕਿਨਾਰੇ ਆਮ ਵਿਕਦੇ ਹਨ। ਪਰ ਪੁਰਾਤਨ ਸਮੇਂ ਵਿੱਚ ਇੱਕ ਮਹੀਨਾ ਪਹਿਲਾਂ ਕੱਪੜੇ ਖਰੀਦ ਕੇ ਦਰਜ਼ੀ ਨੂੰ ਭੇਜ ਦਿੱਤੇ ਜਾਂਦੇ ਸਨ, ਨਹੀਂ ਤਾਂ ਨਵੇਂ ਕੱਪੜੇ ਸਮੇਂ ਸਿਰ ਤਿਆਰ ਨਹੀਂ ਹੁੰਦੇ ਸਨ। ਅਕਸਰ ਜਦੋਂ ਤੱਕ ਕੱਪੜੇ ਪਹੁੰਚਦੇ ਸਨ ਬੱਚੇ ਦਾ ਕੱਦ ਕੁਝ ਇੰਚ ਵਧ ਜਾਂਦਾ ਸੀ ਅਤੇ ਉਹ ਕੱਪੜੇ ਬੱਚੇ ਦੇ ਬਹੁਤ ਉੱਚੇ ਹੋ ਜਾਂਦੇ ਸਨ।

ਦੀਵਾਲੀ ਲਈ ਸੋਨਾ ਖਰੀਦਣਾ ਚੰਗਾ ਸ਼ਗਨ ਮੰਨਿਆਂ ਜਾਂਦਾ ਸੀ। ਹੁਣ ਗਹਿਣਿਆਂ ਦੀਆਂ ਵੱਡੀਆਂ ਦੁਕਾਨਾਂ ਵਾਲੇ ਤੁਹਾਡੇ ਵੱਲ ਦੇਖਣਗੇ ਵੀ ਨਹੀਂ ਜੇ ਤੁਹਾਨੂੰ ਸਿਰਫ ਸੋਨੇ ਦੇ ਕੁਝ ਸਿੱਕੇ ਚਾਹੀਦੇ ਹਨ ਕਿਉਂਕਿ ਉੱਥੇ ਭਾਰੀ ਗਹਿਣਿਆਂ ਦੇ ਡੱਬੇ ਖਰੀਦਣ ਵਾਲਿਆਂ ਦੀ ਪੁੱਛ ਹੈ।

*(2 minutes and 11 seconds: tracks 14–28)*

**Question 02**

ਪੰਜਾਬੀ ਫਿਲਮਾਂ

ਰੇਡੀਓ ਪ੍ਰੋਗਰਾਮ ਤੇ ਪੰਜਾਬੀ ਫਿਲਮਾਂ ਬਾਰੇ ਗੱਲਬਾਤ ਸੁਣੋ।

**F** ਪੰਜਾਬੀ ਰੰਗਮੰਚ ਤੇ ਮੈਂ ਤੁਹਾਨੂੰ 'ਜੀ ਆਇਆਂ, ਕਹਿੰਦੀ' ਹਾਂ ! ਅੱਜ ਤੁਸੀਂ ਪੰਜਾਬੀ ਫਿਲਮਾਂ ਦੀ ਕਿਹੜੀ ਹਸਤੀ ਬਾਰੇ ਗੱਲਬਾਤ ਕਰ ਰਹੇ ਹੋ ?

**M** ਅੱਜ ਮੈਂ ਪੰਜਾਬੀ ਫਿਲਮਾਂ ਦੀ ਅਦਾਕਾਰਾ, ਜਪਜੀ ਖੈਰਾ ਬਾਰੇ ਗੱਲਬਾਤ ਕਰਾਂਗਾ। ਉਸ ਨੇ 2006 ਵਿੱਚ 'ਮਿਸ ਵਰਲਡ ਪੰਜਾਬਣ ਦਾ ਖਿਤਾਬ' ਜਿੱਤਿਆ ਅਤੇ ਕਈ ਪੰਜਾਬੀ ਫਿਲਮਾਂ ਵਿੱਚ ਵੀ ਕੰਮ ਕੀਤਾ ਹੈ। ਉਸ ਦੀ ਖੂਬਸੂਰਤੀ ਅਤੇ ਅਦਾਕਾਰੀ ਦੀ ਪੰਜਾਬੀ ਜਗਤ ਵਿੱਚ ਕਾਫੀ ਸ਼ਲਾਘਾ ਹੋ ਰਹੀ ਹੈ।

**F** ਮੈਂ ਜਪਜੀ ਖੈਰਾ ਬਾਰੇ ਬਹੁਤ ਘੱਟ ਸੁਣਿਆ ਹੈ, ਕੀ ਤੁਸੀਂ ਮੈਨੂੰ ਉਸ ਦੇ ਫਿਲਮੀ ਸਫ਼ਰ ਬਾਰੇ ਕੁਝ ਦੱਸੋਗੇ ?

**M** ਜਪਜੀ ਖੈਰਾ ਨੇ ਸੁਪਨਾ ਲਿਆ ਸੀ ਪੰਜਾਬੀ ਸਭਿਆਚਾਰ ਨੂੰ ਗਲਵੱਕੜੀ ਪਾਉਣ ਦਾ ਅਤੇ ਅਗਾਂਹ ਵਧਾਉਣ ਦਾ। ਉਸ ਨੇ ਇਹ ਕੰਮ, ਆਸਟ੍ਰੇਲੀਆ ਵਿੱਚ, ਜਿੱਥੇ ਉਹ ਰਹਿੰਦੀ ਹੈ, ਗੁਰਦੁਆਰਿਆਂ ਵਿੱਚ ਛੋਟੇ ਬੱਚਿਆਂ ਨੂੰ ਪੰਜਾਬੀ ਪੜ੍ਹਾਉਣ ਤੋਂ ਸ਼ੁਰੂ ਕੀਤਾ।

**F** ਕੀ ਤੁਸੀਂ ਮੈਨੂੰ ਜਪਜੀ ਖੈਰਾ ਦੇ ਬਚਪਨ ਬਾਰੇ ਕੁਝ ਦੱਸੋਗੇ ?

**M** ਬਹੁਤੇ ਲੋਕਾਂ ਦਾ ਖਿਆਲ ਹੈ ਕਿ ਉਸ ਦਾ ਜਨਮ ਆਸਟ੍ਰੇਲੀਆ ਵਿੱਚ ਹੋਇਆ ਸੀ ਪਰ ਅਸਲ ਵਿੱਚ ਉਹ ਪੰਜਾਬ ਵਿੱਚ ਪੈਦਾ ਹੋਈ ਸੀ। ਜਪਜੀ ਖੈਰਾ ਨੂੰ ਸ਼ੁਰੂ ਤੋਂ ਹੀ ਅਦਾਕਾਰੀ ਪਸੰਦ ਸੀ, ਉਸ ਨੂੰ ਬਚਪਨ ਵਿੱਚ ਹੀ ਸ਼ੀਸ਼ੇ ਅੱਗੇ ਅਦਾਕਾਰੀ ਕਰਨ ਅਤੇ ਆਪਣੇ-ਆਪ ਨਾਲ ਗੱਲਾਂ ਕਰਨਾ ਚੰਗਾ ਲਗਦਾ ਸੀ। ਜਦੋਂ ਉਹ ਵੱਡੀ ਹੋਈ ਤਾਂ ਉਸ ਦੇ ਸਿਰ ਇੱਕ ਮਾਡਲ ਬਣਨ ਅਤੇ ਪੰਜਾਬੀ ਫਿਲਮਾਂ ਵਿੱਚ ਕੰਮ ਕਰਨ ਦਾ ਭੂਤ ਸਵਾਰ ਸੀ।

**F** ਫਿਰ ਮਿਸ ਖੈਰਾ ਦੀ ਪੰਜਾਬੀ ਫਿਲਮਾਂ ਵਿੱਚ ਆਉਣ ਦੀ ਵਜ੍ਹਾ ਕਿਵੇਂ ਬਣੀ ?

**M** ਹੋਇਆ ਇੰਝ ਕਿ ਫਿਲਮ ਨਿਰਦੇਸ਼ਕ ਸਰਦਾਰ ਮਨਮੋਹਨ ਸਿੰਘ ਅਤੇ ਅਦਾਕਾਰ ਹਰਭਜਨ ਮਾਨ ਨੇ ਮਿਸ ਖੈਰਾ ਨੂੰ 2006 ਵਿੱਚ 'ਮਿਸ ਵਰਲਡ ਪੰਜਾਬਣ' ਦਾ ਮੁਕਾਬਲਾ ਜਿੱਤਦੇ ਹੋਏ, ਟੀ ਵੀ ਤੇ ਦੇਖਿਆ ਅਤੇ ਆਪਣੀਆਂ ਫਿਲਮਾਂ ਵਿੱਚ ਕੰਮ ਕਰਨ ਦੀ ਪੇਸ਼ਕਸ਼ ਕਰਨ ਲਈ ਉਸ ਨਾਲ ਸੰਪਰਕ ਕੀਤਾ।

*(1 minute and 58 seconds: tracks 29–42)*

**Question 03**

ਬਿਹਾਰੀ ਮਜ਼ਦੂਰ

ਔਨਲਾਈਨ ਰਿਕਾਰਡਿੰਗ ਤੇ ਪੰਜਾਬ ਵਿੱਚ ਬਿਹਾਰੀ ਮਜ਼ਦੂਰਾਂ ਦੀ ਆਮਦ ਤੇ ਗੱਲਬਾਤ ਸੁਣੋ।

**M** ਬਿਹਾਰ ਵਿੱਚ ਲੱਖਾਂ ਲੋਕ ਗਰੀਬੀ ਰੇਖਾ ਤੋਂ ਹੇਠਾਂ ਜੀਵਨ ਬਤੀਤ ਕਰਦੇ ਹਨ ਅਤੇ ਉੱਥੇ ਲੋਕਾਂ ਨੂੰ ਰੁਜ਼ਗਾਰ ਮਿਲਣ ਦੇ ਵੀ ਘੱਟ ਮੌਕੇ ਹਨ। ਤੁਹਾਡੇ ਖਿਆਲ ਵਿੱਚ ਪੰਜਾਬ ਦੇ ਮਜ਼ਦੂਰ ਭਈਆਂ ਦੀ ਆਮਦ ਨੂੰ ਕਿਵੇਂ ਲੈਂਦੇ ਹਨ?

**F** ਦੇਖੋ ਜੀ, ਪੰਜਾਬ ਦੇ ਮਜ਼ਦੂਰ ਇਸ ਗੱਲ ਤੋਂ ਕਾਫੀ ਤੰਗ ਹਨ ਕਿਉਂਕਿ ਭਈਆਂ ਨੇ ਉਨ੍ਹਾਂ ਦੇ ਕੰਮਾਂ ਤੇ ਕਬਜ਼ਾ ਕਰ ਲਿਆ ਹੈ ਅਤੇ ਪੰਜਾਬੀ ਮਜ਼ਦੂਰਾਂ ਨੂੰ ਹੁਣ ਮਜਬੂਰੀ ਵਿੱਚ ਥੋੜ੍ਹੇ ਪੈਸਿਆਂ ਤੇ ਕੰਮ ਤੇ ਲੱਗਣਾ ਪੈਂਦਾ ਹੈ। ਹਾਲਾਤ ਇਹ ਹਨ ਕਿ ਬਿਹਾਰੀ ਵਹੀਰਾਂ ਘੱਤ ਕੇ ਪੰਜਾਬ ਆ ਰਹੇ ਹਨ ਅਤੇ ਪੰਜਾਬੀ ਕੰਮ ਨਾ ਮਿਲਣ ਕਰਕੇ ਵਿਦੇਸ਼ਾਂ ਦੇ ਰਾਹ ਪੈ ਰਹੇ ਹਨ।

**M** ਪਹਿਲਾਂ-ਪਹਿਲ ਭਈਏ ਰਿਕਸ਼ਾ ਚਾਲਕ, ਕਣਕ ਦੀ ਕਟਾਈ, ਝੋਨੇ ਦੀ ਲਵਾਈ ਜਾਂ ਪੱਕੇ ਤੌਰ ਤੇ ਜ਼ਿਮੀਂਦਾਰਾਂ ਨਾਲ ਕੰਮ ਕਰਦੇ ਸਨ। ਤੁਹਾਡੇ ਖਿਆਲ ਵਿੱਚ ਹੁਣ ਭਈਏ ਕਿਸ ਤਰ੍ਹਾਂ ਦੇ ਕੰਮ ਕਰਦੇ ਹਨ?

**F** ਰੱਬ ਰੱਬ ਕਰੋ ਜੀ! ਹੁਣ ਭਈਏ ਅਜਿਹੇ ਕੰਮ ਨਹੀਂ ਕਰਦੇ, ਉਹ ਹੁਣ ਧਨਵਾਨ ਹੋ ਗਏ ਹਨ ਅਤੇ ਦੁਕਾਨਾਂ ਦੇ ਮਾਲਕ ਬਣ ਬੈਠੇ ਹਨ। ਹੋਰ ਤਾਂ ਹੋਰ, ਹੁਣ ਵੱਡੀਆਂ-ਵੱਡੀਆਂ ਕੋਠੀਆਂ ਦੀ ਉਸਾਰੀ ਕਰਨ ਦੇ ਠੇਕੇ ਵੀ ਭਈਏ ਹੀ ਲੈਂਦੇ ਹਨ।

**M** ਜਦੋਂ ਵੀ ਪੰਜਾਬ ਜਾਓ, ਤੁਹਾਨੂੰ ਹਰ ਪਾਸੇ ਭਈਏ ਹੀ ਭਈਏ ਨਜ਼ਰ ਆਉਂਦੇ ਹਨ। ਇੰਝ ਲਗਦਾ ਹੈ ਜਿਵੇਂ ਤੁਸੀਂ ਪੰਜਾਬ ਵਿੱਚ ਨਹੀਂ ਸਗੋਂ ਬਿਹਾਰ ਵਿੱਚ ਆ ਗਏ ਹੋਵੋ! ਇਸ ਬਾਰੇ ਤੁਸੀਂ ਕੀ ਕਹਿਣਾ ਚਾਹੋਗੇ?

**F** ਜੀ, ਇਸ ਗੱਲ ਵਿੱਚ ਕੋਈ ਸ਼ੱਕ ਨਹੀਂ! ਹੁਣ ਵੱਡੇ-ਵੱਡੇ ਸ਼ਹਿਰਾਂ ਦੇ ਸਿਨਮਾਂ ਘਰਾਂ ਵਿੱਚ ਪੰਜਾਬੀ ਫਿਲਮਾਂ ਨਾਲੋਂ ਹਿੰਦੀ ਫਿਲਮਾਂ ਵੱਧ ਲੱਗੀਆਂ ਮਿਲਦੀਆਂ ਹਨ। ਹੁਣ ਪੰਜਾਬ ਵਿੱਚ ਪੰਜਾਬੀ ਦੇ ਅਖਬਾਰਾਂ ਨਾਲੋਂ ਹਿੰਦੀ ਦੇ ਅਖਬਾਰਾਂ ਦੀ ਵਿਕਰੀ ਵੀ ਕਿਤੇ ਵੱਧ ਹੁੰਦੀ ਹੈ।

*(1 minute and 43 seconds: tracks 43–51)*

**Question 04**

ਇੰਟਰਨੈੱਟ

ਰੇਡੀਓ ਪ੍ਰੋਗਰਾਮ ਵਿੱਚ ਵਾਰਤਾ ਦੀ ਸ਼ੁਰੂਆਤ ਸੁਣੋ ਅਤੇ ਸੰਖੇਪ ਵਿੱਚ ਲਿਖੋ।

ਇੰਟਰਨੈੱਟ ਨੇ ਪੰਜਾਬ ਵਿੱਚ ਲੋਕਾਂ ਦੀ ਗੱਲਬਾਤ, ਕੰਮਕਾਰ ਅਤੇ ਰਹਿਣ-ਸਹਿਣ ਦੇ ਤਰੀਕੇ ਵਿੱਚ ਕ੍ਰਾਂਤੀਕਾਰੀ ਬਦਲਾਅ ਲਿਆਂਦਾ ਹੈ। ਹੁਣ ਪੰਜਾਬੀ ਇਸ ਮਾਧਿਅਮ ਰਾਹੀਂ ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਬੈਠੇ ਆਪਣੇ ਦੋਸਤਾਂ ਅਤੇ ਰਿਸ਼ਤੇਦਾਰਾਂ ਨਾਲ ਘੰਟਿਆਂ-ਬੱਧੀ ਗੱਲਾਂ ਕਰ ਸਕਦੇ ਹਨ ਟੈਲੀਫੋਨ ਦਾ ਬਿਲ ਆਉਣ ਦਾ ਕੋਈ ਡਰ ਨਹੀਂ। ਵਿਦਿਆਰਥੀ ਇੰਟਰਨੈੱਟ ਨੂੰ ਇੱਕ ਲਾਇਬ੍ਰੇਰੀ ਦੀ ਤਰ੍ਹਾਂ ਵਰਤਦੇ ਹਨ ਜੋ ਬਟਨ ਦੱਬਦਿਆਂ ਸਾਰ ਹੀ ਖੁੱਲ੍ਹ ਜਾਂਦੀ ਹੈ। ਵਪਾਰੀਆਂ ਲਈ ਵੀ ਇਹ ਘਰੋਂ ਚੀਜ਼ਾਂ ਖਰੀਦਣ ਅਤੇ ਵੇਚਣ ਦਾ ਇੱਕ ਬਹੁਮੁੱਲਾ ਸਾਧਨ ਬਣ ਗਿਆ ਹੈ।

ਇੰਟਰਨੈੱਟ ਵਿੱਚ ਕੁਝ ਅਸ਼ਲੀਲ ਸਮੱਗਰੀ ਵੀ ਮੌਜੂਦ ਹੈ ਜਿਹੜੀ ਖਾਸ ਕਰਕੇ ਬੱਚਿਆਂ ਨੂੰ ਗੁੰਮਰਾਹ ਕਰ ਸਕਦੀ ਹੈ। ਇਸ ਦੀ ਵਰਤੋਂ ਕਰਕੇ ਲੋਕ ਸਾਡੀ ਨਿੱਜੀ ਜਾਣਕਾਰੀ, ਬੈਂਕ ਖਾਤਿਆਂ ਦੀ ਜਾਣਕਾਰੀ ਅਤੇ ਜ਼ਰੂਰੀ ਫਾਈਲਾਂ ਵੀ ਚੋਰੀ ਕਰ ਸਕਦੇ ਹਨ।

ਮਾਪਿਆਂ ਲਈ ਇਹ ਜਾਨਣਾ ਜ਼ਰੂਰੀ ਹੈ ਕਿ ਉਨ੍ਹਾਂ ਦਾ ਬੱਚਾ ਔਨਲਾਈਨ ਕਿਸ ਤਰਾਂ ਦੇ ਲੋਕਾਂ ਨਾਲ ਗੱਲਾਂ ਕਰ ਰਿਹਾ ਹੈ, ਉਸਦੀ ਦੋਸਤੀ ਕਿਸ ਤਰ੍ਹਾਂ ਦੇ ਲੋਕਾਂ ਨਾਲ ਹੈ ਅਤੇ ਕਿਤੇ ਬੱਚਾ ਪੜ੍ਹਾਈ ਦੀ ਬਜਾਏ ਜ਼ਿਆਦਾ ਸਮਾਂ ਇੰਟਰਨੈੱਟ ਤੇ ਤਾਂ ਨਹੀਂ ਬਰਬਾਦ ਕਰ ਰਿਹਾ। ਕੰਪਿਊਟਰ ਤੇ ਜ਼ਰੂਰੀ ਜਾਣਕਾਰੀ ਅਤੇ ਬੱਚਿਆਂ ਨੂੰ ਗਲਤ ਵੈੱਬਸਾਈਟਾਂ ਤੇ ਜਾਣ ਤੋਂ ਰੋਕਣ ਲਈ ਇੰਟਰਨੈੱਟ ਦੀ ਸੁਰੱਖਿਆ ਵਾਸਤੇ ਕੋਈ ਪ੍ਰੋਗਰਾਮ ਵੀ ਇੰਸਟਾਲ ਕਰਨਾ ਲਾਜ਼ਮੀ ਹੈ।

**END OF SECTION A**

Turn over ▶

## Section C

## Multi-skill task

*(2 minutes and 15 seconds: tracks 52–70)*

**Question 06**

**ਫੈਸ਼ਨ**

ਫੈਸ਼ਨ ਬਾਰੇ ਰੇਡੀਓ ਤੇ ਗੱਲਬਾਤ ਦਾ ਹਿੱਸਾ ਸੁਣੋ।

**F** ਡਾ: ਮਨਵੀਰ ਜੀ, ਤੁਹਾਡਾ 'ਸੁਆਗਤ' ਹੈ। ਅੱਜ ਕੱਲ੍ਹ ਦੀ ਵਧ ਰਹੀ ਫੈਸ਼ਨ-ਪ੍ਰਸਤੀ ਬਾਰੇ ਤੁਹਾਡਾ ਕੀ ਵਿਚਾਰ ਹੈ?

**M** ਦੇਖੋ ਜੀ, ਫੈਸ਼ਨ ਦਾ ਲਾਭ ਕੇਵਲ ਇਹ ਹੈ ਕਿ ਕੁਝ ਸਮੇਂ ਲਈ ਸੁੰਦਰਤਾ ਆ ਜਾਂਦੀ ਹੈ ਪਰ ਇਸ ਦੇ ਨੁਕਸਾਨ ਬਹੁਤ ਹਨ। ਸ਼ਿੰਗਾਰ ਦੀਆਂ ਬਨਾਵਟੀ ਚੀਜ਼ਾਂ ਵਰਤਣ ਨਾਲ ਕੁਦਰਤੀ ਸੁੰਦਰਤਾ ਖਤਮ ਹੋ ਜਾਂਦੀ ਹੈ ਅਤੇ ਹੱਦੋਂ ਵਧ ਤੰਗ ਕੱਪੜੇ ਪਾਉਣ ਨਾਲ ਲਹੂ ਦੇ ਦੌਰੇ ਨੂੰ ਵੀ ਨੁਕਸਾਨ ਪਹੁੰਚ ਸਕਦਾ ਹੈ।

**F** ਮਨਵੀਰ ਜੀ, ਤੁਸੀਂ ਇਸ ਵਿਸ਼ੇ ਦੇ ਕਾਫੀ ਮਾਹਰ ਹੋ। ਸਾਨੂੰ ਇਹ ਦੱਸੋ, ਫੈਸ਼ਨ ਨੇ ਸਮਾਜ ਦੇ ਕਿਹੜੇ ਵਰਗ ਨੂੰ ਸਭ ਤੋਂ ਵੱਧ ਪ੍ਰਭਾਵਿਤ ਕੀਤਾ ਹੈ?

**M** ਫੈਸ਼ਨ ਦਾ ਸਭ ਤੋਂ ਜ਼ਿਆਦਾ ਅਸਰ ਕਾਲਜ ਦੇ ਮੁੰਡੇ-ਕੁੜੀਆਂ ਤੇ ਹੋਇਆ ਹੈ। ਉਹ ਆਪਣੇ ਮਾਪਿਆਂ ਦੀਆਂ ਮੁਸ਼ਕਲਾਂ ਨੂੰ ਅੱਖੋਂ ਓਹਲੇ ਕਰਕੇ ਆਪਣਾ ਵਡਮੁੱਲਾ ਸਮਾਂ ਤੇ ਪੈਸਾ ਆਪਣੇ-ਆਪ ਨੂੰ ਸਜਾਉਣ ਤੇ ਖਰਚ ਕਰਦੇ ਹਨ।

**F** ਮਨਵੀਰ ਜੀ, ਮੁੰਡੇ ਅਤੇ ਕੁੜੀਆਂ ਵਿੱਚੋਂ ਕੌਣ ਸਭ ਤੋਂ ਜ਼ਿਆਦਾ ਫੈਸ਼ਨ ਕਰਦਾ ਹੈ?

**M** ਉਂਝ ਤਾ ਮੁੰਡੇ ਵੀ ਘੱਟ ਨਹੀਂ ਪਰ ਕੁੜੀਆਂ ਫੈਸ਼ਨ ਦੇ ਮਾਮਲੇ ਵਿੱਚ ਮੁੰਡਿਆਂ ਨਾਲੋਂ ਵੀ ਦੋ ਕਦਮ ਅੱਗੇ ਹਨ। ਸਿਰ ਤੇ ਦੁਪੱਟਾ ਲੈਣ ਦਾ ਤਾਂ ਸਮਝੋ ਰਿਵਾਜ ਹੀ ਖਤਮ ਹੋ ਗਿਆ ਹੈ। ਕੁੜੀਆਂ ਹੁਣ ਜ਼ਿਆਦਾਤਰ ਜੀਨ ਪਾਉਂਦੀਆਂ ਹਨ ਅਤੇ ਸੂਟ ਪਹਿਨਣਾ ਤਾਂ ਉਨ੍ਹਾਂ ਨੂੰ ਆਪਣੀ ਸ਼ਾਨ ਦੇ ਖਿਲਾਫ਼ ਲਗਦਾ ਹੈ।

**F** ਤੁਹਾਡੇ ਖਿਆਲ ਵਿੱਚ ਨੌਜਵਾਨਾਂ ਵਿੱਚ ਫੈਸ਼ਨ-ਪ੍ਰਸਤੀ ਲਈ ਇੰਨਾ ਦੀਵਾਨਾ-ਪਨ ਕਿੱਥੋਂ ਆਇਆ ਹੈ?

**M** ਪੱਛਮੀ ਸਭਿਆਚਾਰ ਨੇ ਵਿਦਿਆਰਥੀਆਂ ਨੂੰ ਇਸ ਖੇਤਰ ਵਿੱਚ ਕਾਫੀ ਪ੍ਰਭਾਵਿਤ ਕੀਤਾ ਹੈ। ਯੂਨੀਵਰਸਟੀਆਂ ਅਤੇ ਕਈ ਸੰਸਥਾਵਾਂ ਵੱਲੋਂ ਫੈਸ਼ਨ ਦੇ ਕੋਰਸ ਖੋਲ੍ਹੇ ਗਏ ਹਨ। ਦਰਜ਼ੀ ਨਵੇਂ-ਨਵੇਂ ਕੱਪੜਿਆਂ ਦੇ ਡਿਜ਼ਾਇਨ ਕੱਢ ਕੇ ਫੈਸ਼ਨ ਨੂੰ ਹੋਰ ਵੀ ਵਧਾ ਰਹੇ ਹਨ।

**F** ਅੰਤ ਵਿੱਚ, ਤੁਸੀਂ ਫੈਸ਼ਨ ਬਾਰੇ ਕੀ ਸਲਾਹ ਦੇਣਾ ਚਾਹੋਗੇ?

**M** ਚੰਗਾ ਪਹਿਰਾਵਾ ਸਾਡੇ ਸਭਿਆਚਾਰ ਅਤੇ ਆਚਰਨ ਦਾ ਪ੍ਰਤੀਕ ਹੈ। ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਸਾਦਾ ਜੀਵਨ ਅਤੇ ਉੱਚੇ ਵਿਚਾਰਾਂ ਦਾ ਗਿਆਨ ਦੇਣਾ ਚਾਹੀਦਾ ਹੈ।

**END OF RECORDING**

**There are no questions printed on this page**

**There are no questions printed on this page**

**Copyright information**

For confidentiality purposes, all acknowledgements of third-party copyright material are published in a separate booklet. This booklet is published after each live examination series and is available for free download from www.aqa.org.uk.

Permission to reproduce all copyright material has been applied for. In some cases, efforts to contact copyright-holders may have been unsuccessful and AQA will be happy to rectify any omissions of acknowledgements. If you have any queries please contact the Copyright Team.

Copyright © 2020 AQA and its licensors. All rights reserved.